## ਭਗਤ ਜੈਦੇਵ - ਸਬਦ ੧

### ਪਰਮਾਦਿ ਪੁਰਖਮਨੋਪਿਮੰ ਸਤਿ ਆਦਿ ਭਾਵ ਰਤੰ ॥

### ਰਾਗੁ ਗੂਜਰੀ, ਭਗਤ ਜੈਦੇਵ, ਗੁਰੂ ਗ੍ਰੰਥ ਸਾਹਿਬ, ੫੨੬

ਪਰਮਾਦਿ ਪੁਰਖਮਨੋਪਿਮੰ ਸਤਿ ਆਦਿ ਭਾਵ ਰਤੰ ॥
ਪਰਮਦਭੁਤੰ ਪਰਕ੍ਰਿਤਿ ਪਰੰ ਜਦਿਚਿੰਤਿ ਸਰਬ ਗਤੰ ॥੧॥
ਕੇਵਲ ਰਾਮ ਨਾਮ ਮਨੋਰਮੰ ॥
ਬਦਿ ਅੰਮ੍ਰਿਤ ਤਤ ਮਇਅੰ ॥
ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ ॥੧॥ ਰਹਾਉ ॥
ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ ॥
ਭਵ ਭੂਤ ਭਾਵ ਸਮਬ੍ਯ੍ਯਿਅੰ ਪਰਮੰ ਪ੍ਰਸੰਨਮਿਦੰ ॥੨॥
ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ ॥
ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ ॥੩॥
ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ ॥
ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ ॥੪॥
ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ ॥
ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ ॥੫॥੧॥

ਸਾਰ: ਅਗਿਆਤ ਅਕਸਰ ਜਗਿਆਸਾ ਨੂੰ ਜਨਮ ਦਿੰਦਾ ਹੈ, ਜਿਸ ਨਾਲ ਉਸ ਬਾਰੇ ਖੋਜ ਕਰਨ ਦੀ ਇੱਛਾ ਪੈਦਾ ਹੁੰਦੀ ਹੈ, ਜਦੋਂ ਮਨ ਉਸਨੂੰ ਸਮਝ ਨਹੀਂ ਸਕਦਾ ਤਾਂ ਉਸ ਪ੍ਰਤੀ ਡਰ ਦੀ ਭਾਵਨਾ ਪੈਦਾ ਹੁੰਦੀ ਹੈ। ਬਹੁਤ ਸਾਰੇ ਡਰਾਂ ਦੇ ਧੁਰ ਅੰਦਰ ਮੌਤ ਦਾ ਭੈ ਛੁਪਿਆ ਹੁੰਦਾ ਹੈ, ਜੋ ਸਭਿਆਚਾਰਕ ਅਤੇ ਵਿਰਾਸਤੀ ਧਾਰਣਾਵਾਂ ਵਿਚੋਂ ਜਨਮਿਆਂ ਹੋਣ ਕਾਰਣ ਪ੍ਰਭਾਵਿਤ ਕਰਦਾ ਹੈ ਕਿ ਅਸੀਂ ਜੀਵਨ ਅਤੇ ਮੌਤ ਨੂੰ ਕਿਵੇਂ ਵੇਖਦੇ ਹਾਂ। ਇਹ ਦ੍ਰਿਸ਼ਟੀਕੋਣ ਸਾਡੀ ਸੂਝ ਨੂੰ ਹੋਰ ਤ੍ਰਾਸ਼ਦਾ ਹੈ, ਤਾਂ ਜੋ ਅਸੀਂ ਅਸਥਿਰਤਾ ਨੂੰ ਕੁਦਰਤੀ ਵਰਤਾਰਾ ਮੰਨ ਕੇ ਇਸਨੂੰ ਸਵੀਕਾਰ ਕਰ ਸਕੀਏ, ਜਾਂ ਫਿਰ ਚਿੰਤਾ ਨੂੰ ਵਿਰੋਧਮਈ ਹਕੀਕਤ ਦੇ ਤੌਰ ‘ਤੇ ਸਵਿਕਾਰ

ਕਰਦਿਆਂ ਹੋਇਆਂ ਇਸ ਦੇ ਜਾਲ ਵਿਚ ਫਸੇ ਰਹੀਏ। ਉਦਾਹਰਨ ਵਜੋਂ, ਜੋ ਵਿਅਕਤੀ ਬੁੱਢੇਪੇ ਤੋਂ ਡਰਦਾ ਹੈ, ਉਹ ਉਮਰ ਦੇ ਢਲਣ ਬਾਰੇ ਨਿਰੰਤਰ ਚਿੰਤਤ ਹੁੰਦਾ ਹੋਇਆ ਜਵਾਨੀ ਨੂੰ ਕਾਇਮ ਰੱਖਣ ਦੀ ਪੂਰੀ ਜਦੋ ਜਹਿਦ ਕਰ ਸਕਦਾ ਹੈ। ਇਸਦੇ ਉਲਟ, ਜੇ ਉਹ ਜੀਵਨ ਦੇ ਕੁਦਰਤੀ ਚੱਕਰ ਨੂੰ ਸਵੀਕਾਰ ਕਰ ਲਵੇ, ਤਾਂ ਉਹ ਗਿਆਨ, ਅਨੁਭਵ ਅਤੇ ਬੀਤ ਰਹੇ ਪਲ ਦੀ ਮਹੱਤਤਾ ਨੂੰ ਵਧੇਰੇ ਗੰਭੀਰਤਾ ਨਾਲ ਮਹਿਸੂਸ ਕਰ ਸਕਦਾ ਹੈ। ਜਦੋਂ ਡਰ ਸਾਡੇ ਜੀਵਨ ’ਤੇ ਹਾਵੀ ਹੋ ਜਾਂਦਾ ਹੈ, ਅਸੀਂ ਹਲਾਤਾਂ ਨੂੰ ਟਾਲਣ ਅਤੇ ਬੇਚੈਨੀ ਦੇ ਚੱਕਰ ਵਿਚ ਫਸ ਜਾਂਦੇ ਹਾਂ। ਪਰ ਜਦੋਂ ਅਸੀਂ ਬਦਲਾਅ ਨੂੰ ਸਵੀਕਾਰ ਕਰਦੇ ਹਾਂ, ਅਸੀਂ ਆਪਣੇ ਆਪ ਨੂੰ ਇਨ੍ਹਾਂ ਬੰਧਨਾਂ ਤੋਂ ਮੁਕਤ ਕਰ ਸਕਦੇ ਹਾਂ ਅਤੇ ਅਜਿਹੇ ਜੀਵਨ ਲਈ ਦਰ ਖੋਲ ਸਕਦੇ ਹਾਂ ਜਿਸ ਵਿਚ ਭਰਪੂਰਤਾ ਆਪ ਮੁਹਾਰੇ ਫੁੱਟੇ।

ਪਰਮਾਦਿ ਪੁਰਖਮਨੋਪਿਮੰ ਸਤਿ ਆਦਿ ਭਾਵ ਰਤੰ ॥
ਸਦੀਵੀ ਸਤਾ ਇਕ ਸਰਬ-ਵਿਆਪਕ ਚੇਤਨਾ ਨੂੰ ਦਰਸਾਉਂਦੀ ਹੈ, ਜੋ ਗੁਣਾਂ ਨਾਲ ਭਰਪੂਰ ਆਦਿ-ਸੱਚਾਈ ਦਾ ਮੁਜਸਮਾ ਹੈ। ਹੋਂਦ ਦਾ ਇਹ ਮੂਲ ਤੱਤਸਾਰ ਸਾਰੀ ਸ੍ਰਿਸ਼ਟੀ ਦਾ ਆਧਾਰ ਹੈ ਅਤੇ ਸਾਨੂੰ ਹਰ ਵਸਤ ਦੀ ਅੰਤਰਸੰਬੰਧਿਤਾ ਦੀ ਯਾਦ ਦਿਵਾਉਂਦਾ ਹੈ।

ਪਰਮਦਭੁਤੰ ਪਰਕ੍ਰਿਤਿ ਪਰੰ ਜਦਿਚਿੰਤਿ ਸਰਬ ਗਤੰ ॥੧॥
ਪਰਮ ਸਤਾ ਅਦਭੁਤ ਹੈ ਜੋ ਭੌਤਿਕ ਹੋਂਦ ਤੋਂ ਪਰੇ ਹੈ, ਅਤੇ ਇਹ ਸਰਵ ਵਿਆਪਕ ਏਕਤਾ ਸਿਧਾਂਤਕ ਮਾਪ ਤੋਂ ਪਾਰ ਹੈ। ਇਹ ਭਾਵ ਜਾਗਰੂਕਤਾ ਨੂੰ ਦਰਸਾਉਂਦਾ ਹੈ ਜੋ ਕਿਸੇ ਵਿਚਾਰ, ਰੂਪ ਜਾਂ ਸੰਕਲਪ ਤੱਕ ਸੀਮਿਤ ਨਹੀਂ ਹੈ। (੧)

ਕੇਵਲ ਰਾਮ ਨਾਮ ਮਨੋਰਮੰ ॥
ਸਰਵ ਵਿਆਪਕ ਚੇਤਨਾ ਦੀ ਏਕਤਾ ਬਾਰੇ ਵਿਚਾਰ ਕਰਨ ਨਾਲ ਸਹਿਜ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਇਹ ਭਾਵ ਅਜਿਹੀ ਮਨੋਬਿਰਤੀ ਨੂੰ ਦਰਸਾਉਂਦਾ ਹੈ ਜਿਸ ਵਿਚ ਹਰ ਤਰ੍ਹਾਂ ਦੀ ਵੰਡ ਧੁੰਦਲੀ ਪੈ ਜਾਂਦੀ ਹੈ ਅਤੇ ਸੰਪੂਰਨਤਾ ਦੀ ਭਾਵਨਾ ਕੁਦਰਤੀ ਤੌਰ 'ਤੇ ਪੈਦਾ ਹੁੰਦੀ ਹੈ।

ਬਦਿ ਅੰਮ੍ਰਿਤ ਤਤ ਮਇਅੰ ॥

ਇਸ ਦਾ ਇਜ਼ਹਾਰ ਅੰਮ੍ਰਿਤ ਦਾ ਸੁਆਦ ਚੱਖਣ ਵਾਂਗ ਮਹਿਸੂਸ ਹੁੰਦਾ ਹੈ, ਜੋ ਹੋਂਦ ਦੇ ਤੱਤਸਾਰ ਨਾਲ ਭਰਪੂਰ ਹੁੰਦਾ ਹੈ। ਇਹ ਭਾਵ ਅਜਿਹੇ ਵਿਚਾਰ ਨੂੰ ਦਰਸਾਉਂਦਾ ਹੈ ਜਿਸ ਵਿਚ ਹਰ ਸ਼ਬਦ ਅੰਤਰੀਵੀ ਸਦਭਾਵਨਾ ਦੀ ਮਿਠਾਸ ਨਾਲ ਲਬਰੇਜ਼ ਅਤੇ ਜੋ ਬਾਹਰੀ ਏਕਤਾ ਦੁਆਰਾ ਪ੍ਰਗਟ ਹੁੰਦਾ ਹੈ।

ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ ॥੧॥ ਰਹਾਉ ॥

ਚਿੰਤਨ ਦੁਆਰਾ, ਜਨਮ, ਬੁਢਾਪੇ ਅਤੇ ਮੌਤ ਦੇ ਡਰ ਨਾਲ ਜੁੜੀ ਨਕਾਰਾਤਮਕਤਾ ਹੁਣ ਪ੍ਰੇਸ਼ਾਨ ਨਹੀਂ ਕਰਦੀ। ਇਹ ਭਾਵ ਨਿਡਰਤਾ ਦੇ ਵਿਕਾਸ ਨੂੰ ਦਰਸਾਉਂਦਾ ਹੈ ਜੋ ਸਾਨੂੰ ਨਿਰੰਤਰਤਾ ਦੇ ਵਿਸ਼ਾਲ ਦਾਇਰੇ ਅੰਦਰ ਕੁਦਰਤੀ ਤੌਰ ‘ਤੇ ਹੋ ਰਹੇ ਰੁਪਾਂਤ੍ਰਣ ਅਤੇ ਨਾਸ਼ਵਾਨਤਾ ਨੂੰ ਦੇਖਣ ਦੇ ਯੋਗ ਬਣਾਉਂਦਾ ਹੈ। (੧)(ਠਹਿਰਾਉ)

ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ ॥

ਜੇਕਰ ਪਿੱਛੇ ਹਟਣ ਦੇ ਡਰ ਨੂੰ ਜਿੱਤਣ ਦੀ ਇੱਛਾ ਹੈ, ਤਾਂ ਮਨ ਦੀ ਉਸ ਅਨੰਦਮਈ ਅਵਸਥਾ ਦਾ ਸਨਮਾਨ ਕਰੋ ਜਿਸ ਵਿਚ ਨੇਕ ਇਰਾਦਿਆਂ ਦੇ ਵਹਿਣ ਵਹਿੰਦੇ ਹਨ। ਆਤਮ-ਚੀਨਣ ਦੀ ਇਹ ਯਾਤਰਾ ਇਕ ਅਜਿਹਾ ਸੁਹਾਵਣਾ ਆਲਮ ਸਿਰਜਦੀ ਹੈ ਜੋ ਸਾਡੇ ਦ੍ਰਿਸ਼ਟੀਕੋਣਾਂ ਦਾ ਰੁਪਾਂਤ੍ਰਣ ਕਰਦੀ ਹੋਈ ਸਾਡੇ ਕਰਮਾਂ ਨੂੰ ਨੇਕੀ ਦੇ ਰਾਹ ਤੋਰਦੀ ਹੈ।

ਭਵ ਭੂਤ ਭਾਵ ਸਮਬ੍ਯਿਅੰ ਪਰਮੰ ਪ੍ਰਸੰਨਮਿਦੰ ॥੨॥

ਜਦੋਂ ਡਰ, ਪਿਛਲੇ ਪ੍ਰਭਾਵ, ਅਤੇ ਭਾਵਨਾਤਮਕ ਭਾਵਨਾਵਾਂ ਦਾ ਵਹਿਣ ਮੱਧਮ ਪੈ ਜਾਂਦਾ ਹੈ, ਤਾਂ ਮਨ ਦਾ ਟਿਕਾਵ ਪਰਮ ਅਨੰਦਮਈ ਸ਼ਾਂਤ ਅਵਸਥਾ ਵਿਚ ਹੋ ਜਾਂਦਾ ਹੈ। ਇਸ ਸ਼ਾਂਤਮਈ ਘਰ ਵਿਚ ਸਪਸ਼ਟਤਾ ਦੀ ਦਾਤ ਪ੍ਰਾਪਤ ਹੁੰਦੀ ਹੈ, ਜੋ ਅੰਤਰੀਵੀ ਸਦਭਾਵਨਾ ਨਾਲ ਕ੍ਰਿਤਾਰਥ ਕਰਦੀ ਹੈ। (੨)

ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ ॥

ਜੇਕਰ ਮਨੋਬਿਰਤੀ ਲਾਲਚ ਵਿਚ ਗ੍ਰਸਤ ਹੈ ਅਤੇ ਪਰਾਈ ਵਸਤਾਂ ਦੀ ਚਾਅ ਰੱਖਦੀ ਹੈ, ਤਾਂ ਇਹ ਨਕਾਰਾਤਮਕ ਵਿਵਹਾਰ ਵਿਚ ਫਸੇ ਹੋਣ ਦੀ ਨਿਸ਼ਾਨੀ ਹੈ। ਇਹ ਭਾਵ ਅੰਤਰੀਵੀ ਅਸੰਤੁਲਨ ਨੂੰ ਦਰਸਾਉਂਦਾ ਹੈ ਜਿਸ ਵਿਚ ਇੱਛਾਵਾਂ, ਸਪਸ਼ਟਤਾ ਅਤੇ ਇਮਾਨਦਾਰੀ ਨੂੰ ਆਪਣੀ ਬੁੱਕਲ ਵਿਚ ਲੈ ਲੈਂਦੀਆਂ ਹਨ।

ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ ॥੩॥

ਸਮੁੱਚੀਆਂ ਨਕਾਰਾਤਮਕ ਕਿਰਿਆਵਾਂ ਅਤੇ ਬੁਰੇ ਇਰਾਦਿਆਂ ਨੂੰ ਤਿਆਗ ਦਿਓ, ਚਿੰਤਨ ਦੇ ਰਾਹੀਂ ਵਿਸ਼ਵਵਿਆਪੀ ਚੇਤਨਾ ਦੀ ਓਟ ਪ੍ਰਾਪਤ ਕਰੋ। ਮਾਰੂ ਗੁਣਾਂ ਨੂੰ ਛੱਡਣ ਦੀ ਇਹ ਪ੍ਰਵਿਰਤੀ ਇਮਾਨਦਾਰੀ ਅਤੇ ਇਕਸਾਰਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਦੀ ਹੈ, ਜਿਸ ਵਿਚ ਵਿਅਕਤੀ ਦੇ ਵਿਚਾਰ ਅਤੇ ਕਾਰਜ ਹੁਣ ਵੰਡੇ ਹੋਏ ਮਹਿਸੂਸ ਨਹੀਂ ਹੁੰਦੇ। (੩)

ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ ॥

ਹੋਂਦ ਦੀ ਏਕਤਾ ਪ੍ਰਤੀ ਸਮਰਪਣ, ਮਨ, ਬਚ ਅਤੇ ਕਰਮ ਵਿਚਲੀ ਨਿਰਮਲਤਾ ਨੂੰ ਕਾਇਮ ਰੱਖਦਾ ਹੈ। ਇਹ ਵਚਨਬੱਧਤਾ ਅੰਤਰ-ਆਤਮਾ ਨੂੰ ਪ੍ਰੇਰਿਤ ਕਰਦੀ ਹੈ, ਜਿੱਥੇ ਚੜ੍ਹਦੀਕਲਾ ਵਾਲੇ ਵਿਚਾਰ ਪ੍ਰਫੁੱਲਿਤ ਹੁੰਦੇ ਹਨ, ਸ਼ਬਦ ਆਪਣੀ ਮਹੱਤਤਾ ਦਾ ਅਹਿਸਾਸ ਕਰਵਾਉਂਦੇ ਹਨ ਅਤੇ ਕਰਮ ਦਿਆਨਤਦਾਰੀ ਦਾ ਭਾਵ ਪ੍ਰਗਟ ਕਰਦੇ ਹਨ।

ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ ॥੪॥

ਸੰਨਿਆਸ, ਬਲੀ ਦੇ ਭੋਜ, ਦਾਨ ਦੇਣ ਅਤੇ ਤੱਪ ਕਰਨ ਨਾਲ ਸਾਨੂੰ ਕੀ ਲਾਭ ਪ੍ਰਾਪਤ ਹੋ ਸਕਦਾ ਹੈ? ਇਹ ਪਰੰਪਰਾਵਾਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਕਰਮ-ਕਾਂਡੀ ਰਸਮਾਂ ਕਈ ਵਾਰ ਸਿਰਫ਼ ਪ੍ਰਤੀਕਾਤਮਕ ਕਿਰਿਆਵਾਂ ਨੂੰ ਗੌਣ ਕਰ ਦਿੰਦੀਆਂ ਹਨ, ਸਾਡੇ ਦੁਆਰਾ ਖੁਦ ਨਾਲ ਸਿਰਜੇ ਸੰਬੰਧ ਨੂੰ ਧੁੰਦਲਾ ਕਰ, ਸਾਡੇ ਰੂਹਾਨੀ ਵਿਕਾਸ ਵਿਚ ਰੁਕਾਵਟ ਪਾ ਸਕਦੀਆਂ ਹਨ। (੪)

ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ ॥

ਹੇ ਪਿਆਰੇ ਸਾਥੀ, ਸਦੀਵੀ ਏਕਤਾ ਦੀ ਪ੍ਰਕਿਰਤੀ ਬਾਰੇ ਵਿਚਾਰ ਕਰੋ; ਇਹ ਭਾਵ ਜਾਗ੍ਰਿਤ ਹਸਤੀਆਂ ਦੀ ਰੂਹਾਨੀ ਪ੍ਰਾਪਤੀ ਦਾ ਕੇਂਦਰ ਹੈ। ਜਿਸ ਰਾਹੀਂ ਗੰਭੀਰ ਸਪਸ਼ਟਤਾ ਲਈ ਆਧਾਰ ਬਣ, ਜਾਗਰੂਕਤਾ ਦੀ ਨੀਂਹ ਰੱਖੀ ਜਾਂਦੀ ਹੈ।

ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ ॥੫॥੧॥

ਜੈਦੇਵ ਕਹਿੰਦੇ ਹਨ ਕਿ, ਚਿੰਤਨ ਰਾਹੀਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਰਵ ਵਿਆਪਕ ਚੇਤਨਾ ਹੋਂਦ ਦੀਆਂ ਸਮੁੱਚੀਆਂ ਅਵਸਥਾਵਾਂ, ਭੂਤਕਾਲ, ਵਰਤਮਾਨ ਅਤੇ ਜੀਵਨ ਦੇ ਸਾਰੇ ਰੂਪਾਂ ਵਿਚ ਭ੍ਰਮਣ ਕਰਦੀ ਹੈ। ਇਹ ਪਰਿਪੇਖ ਉਸ ਅੰਤਰਸੰਬੰਧਿਤਾ ਨੂੰ ਦਰਸਾਉਂਦਾ ਹੈ ਜਿਸ ਨਾਲ ਸਾਰੇ ਜੀਵ ਉਸ ਵਿਸ਼ਵਵਿਆਪੀ ਚੇਤਨਾ ਦੇ ਵਿਸ਼ਾਲ ਤਾਨੇ-ਬਾਨੇ ਨਾਲ ਬੱਝੇ ਹੁੰਦੇ ਹਨ। (੫)(੧)

ਤੱਤ: ਭਗਤ ਜੈਦੇਵ ਦ੍ਰਿੜਤਾ ਨਾਲ ਦਾਅਵਾ ਕਰਦੇ ਹਨ ਕਿ ਚਿੰਤਨ ਅਤੇ ਆਤਮ-ਪੜਚੋਲ ਸਾਡੇ ਬਿਬੇਕ ਨੂੰ ਵਧੇਰੇ ਗੰਭੀਰਤਾ ਵੱਲ ਲੈ ਜਾਂਦੇ ਹਨ। ਆਤਮ-ਨਿਰੀਖਣ ਦੀ ਇਹ ਯਾਤਰਾ ਦਰਸਾਉਂਦੀ ਹੈ ਕਿ ਬ੍ਰਹਿਮੰਡ ਦਾ ਹਰ ਪਹਿਲੂ ਇਕ ਅਦਿੱਖ, ਅਸੀਮ, ਸਰਵ ਵਿਆਪਕ ਊਰਜਾ ਨੂੰ ਪ੍ਰਗਟ ਕਰਦਾ ਹੈ ਜੋ ਸਾਰੀਆਂ ਵਸਤਾਂ ਨੂੰ ਆਪਸ ਵਿਚ ਜੋੜਦੀ ਹੈ। ਇਸ ਹਕੀਕਤ ਨੂੰ ਜਦੋਂ ਕੋਈ ਪੂਰੇ ਹਿਰਦੇ ਨਾਲ ਸਵਿਕਾਰ ਕਰ ਲੈਂਦਾ ਹੈ ਕਿ ਨਾ ਕੁਝ ਨਾਸ ਹੁੰਦਾ ਹੈ ਅਤੇ ਨਾ ਹੀ ਪ੍ਰਾਪਤ, ਸਗੋਂ ਇਹ ਵਰਾਤਰਾ ਅਨੰਤ ਸਮੁੰਦਰ ਵਿਚ ਉੱਠਣ ਅਤੇ ਲੀਨ ਹੋਣ ਵਾਲੀਆਂ ਲਹਿਰਾਂ ਵਾਂਗ ਹੈ। ਜਿਸ ਨੂੰ ਪਛਾਣ ਕੋਈ ਆਪਣੇ ਡਰਾਂ ਅਤੇ ਭਰਮਾਂ ਤੋਂ ਉੱਪਰ ਉੱਠ ਸਕਦਾ ਹੈ। ਇਸ ਰੁਪਾਂਤ੍ਰਿਤ ਅਨੁਭਵ ਲਈ ਆਪਣੇ ਮਨ ਦਾ ਦਰ ਖੋਲ੍ਹ ਅਸੀਂ ਆਪਣੀਆਂ ਚਿੰਤਾਵਾਂ ਅਤੇ ਡਰਾਂ ਤੋਂ ਮੁਕਤ ਹੋ ਸਕਦੇ ਹਾਂ, ਜੋ ਸਾਡੀ ਅੰਤਰੀਵੀ ਸ਼ਾਂਤੀ ਅਤੇ ਉਨੱਤੀ ਵਿਚ ਰੁਕਾਵਟ ਬਣਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**